ਅਨੁਲੱਗ-2
ਜੋਖਮ ਪ੍ਰਕਟੀਕਰਣ ਦਸਤਾਵੇਜ਼

ਐਕਸਚੇਂਜ਼ ਨਾ ਤੇ ਸਪਸ਼ਟ ਤੌਰ ਤੇ ਅਤੇ ਨਾ ਹੀ ਅਸਪਸ਼ਟ ਤੌਰ ਤੇ, ਇਸ ਪ੍ਰਕਟੀਕਰਣ ਦਸਤਾਵੇਜ਼ ਦੀ ਸੰਪੂਰਨਤਾ, ਉੱਚਿਤਤਾ ਜਾਂ ਸਟੀਕਤਾ ਦੀ ਗਰੰਟੀ ਦਿੰਦਾ ਹੈ ਅਤੇ ਨਾ ਹੀ ਐਕਸਚੇਂਜ਼ ਕਮੋਡਿਟੀ ਡੈਰਿਵੇਟਿਵਸ ਬਜ਼ਾਰ/ਟ੍ਰੇਡਿੰਗ ਸੈਗਮੈਂਟਾਂ ਵਿੱਚ ਭਾਗ ਲੈਣ ਦੇ ਕਿਸੇ ਵੀ ਗੁਣ ਦੀ ਪ੍ਰਵਾਨਗੀ ਕਰਦੇ ਹਨ ਜਾਂ ਪਾਰਿਤ ਕਰਦੇ ਹਨ । ਇਹ ਸੰਖੇਪ ਵਿਵਰਣ ਟ੍ਰੇਡਿੰਗ ਦੇ ਸਾਰੇ ਜੋਖਮਾਂ ਅਤੇ ਹੋਰ ਮਹੱਤਵਪੂਰਨ ਪਹਿਲੂਆਂ ਦਾ ਪ੍ਰਕਟੀਕਰਣ ਨਹੀਂ ਕਰਦਾ ਹੈ। ਇਸ ਲਈ ਤੁਹਾਨੂੰ ਡੇਰਿਵੇਟਿਵਸ ਟ੍ਰੇਡਿੰਗ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਇਸ ਦਾ ਚੰਗੀ ਤਰ੍ਹਾਂ ਅਧਿਐਨ ਕਰ ਲੈਣਾ ਚਾਹੀਦਾ ਹੈ।

ਸ਼ਾਮਲ ਜੋਖਮਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਤੁਹਾਨੂੰ ਸਿਰਫ ਤਾਂ ਹੀ ਲੈਣ-ਦੇਣ ਕਰਨਾ ਚਾਹੀਦਾ ਹੈ ਜਦੋਂ ਤੁਸੀਂ ਉਸ ਠੇਕੇ ਸਬੰਧੀ ਸਬੰਧ ਦੀ ਪ੍ਰਕਿਰਤੀ ਅਤੇ ਆਪਣੇ ਜੋਖਮ ਦੀ ਹੱਦ ਨੂੰ ਸਮਝਦੇ ਹੋ ਜਿਸ ਵਿੱਚ ਤੁਸੀਂ ਦਾਖਲ ਹੋ ਰਹੇ ਹੋ ।

ਤੁਹਾਨੂੰ ਜਾਣਨਾ ਚਾਹੀਦਾ ਹੈ ਅਤੇ ਪਛਾਣ ਕਰਨੀ ਚਾਹੀਦੀ ਹੈ ਕਿ ਕਮੋਡਿਟੀ ਫਿਊਚਰ ਕਾਂਟ੍ਰੈਕਟਸ/ਡੇਰਿਵੇਟਿਵਸ ਜਾਂ ਕਮੋਡਿਟੀ ਐਕਸਚੇਂਜ਼(ਜਾਂ) ਤੇ ਟ੍ਰੇਡ ਕੀਤੇ ਜਾਣ ਵਾਲੇ ਹੋਰ ਵਿਲੇਖਾਂ (ਇੰਸਟਰੂਮੈਂਟਸ) ਵਿੱਚ ਟ੍ਰੇਡਿੰਗ, ਜਿਨ੍ਹਾਂ ਵਿੱਚ ਭਿੰਨ-ਭਿੰਨ ਮਾਤਰਾਵਾਂ ਵਿੱਚ ਜੋਖਮ ਸ਼ਾਮਲ ਹੁੰਦੇ ਹਨ, ਆਮ ਤੌਰ ਤੇ ਸੀਮਤ ਸੰਸਾਧਨਾਂ/ਸੀਮਤ ਨਿਵੇਸ਼ ਅਤੇ/ਜਾਂ ਟ੍ਰੇਡਿੰਗ ਅਨੁਭਵ ਅਤੇ ਘੱਟ ਜੋਖਮ ਸਹਿਣਸ਼ੀਲਤਾ ਵਾਲੇ ਕਿਸੇ ਵਿਅਕਤੀ ਲਈ ਉੱਚਿਤ ਸਥਾਨ ਨਹੀਂ ਹੈ । ਇਸ ਲਈ ਤੁਹਾਨੂੰ ਆਪਣੀ ਵਿੱਤੀ ਸਥਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਧਿਆਨ ਨਾਲ ਵਿਚਾਰ ਕਰਨਾ ਚਾਹੀਦਾ ਹੈ ਕਿ ਅਜਿਹੀ ਟ੍ਰੇਡਿੰਗ ਤੁਹਾਡੇ ਲਈ ਉੱਚਿਤ ਹੈ ਜਾਂ ਨਹੀਂ । ਜੇ ਤੁਸੀਂ ਐਕਸਚੇਂਜ਼ ਵਿੱਚ ਟ੍ਰੇਡ ਕਰਦੇ ਹੋ ਅਤੇ ਪ੍ਰਤੀਕੂਲ ਸਿੱਟਾ ਜਾਂ ਨੁਕਸਾਨ ਚੁੱਕਦੇ ਹੋ, ਤਾਂ ਤੁਸੀਂ ਉਸ ਲਈ ਪੂਰੀ ਤਰ੍ਹਾਂ ਜ਼ੁੰਮੇਵਾਰ ਹੋਵੋਗੇ ਅਤੇ ਐਕਸਚੇਂਜ, ਕਿਸੇ ਵੀ ਤਰੀਕੇ ਨਾਲ ਇਸ ਲਈ ਜ਼ੁੰਮੇਵਾਰ ਨਹੀਂ ਹੋਵੇਗਾ ਅਤੇ ਤੁਹਾਡੇ ਕੋਲ ਇਹ ਦਲੀਲ ਦੇਣ ਦਾ ਵਿਕਲਪ ਨਹੀਂ ਹੋਵੇਗਾ ਕਿ ਤੁਹਾਨੂੰ ਸ਼ਾਮਲ ਜੋਖਮਾਂ ਦੇ ਬਾਰੇ ਕਾਫੀ ਜਾਣਕਾਰੀ ਨਹੀਂ ਦਿੱਤੀ ਗਈ ਸੀ ਜਾਂ ਇਹ ਕਿ ਤੁਹਾਨੂੰ ਸਬੰਧਤ ਸਦੱਸ ਦੁਆਰਾ ਨਿਹਿਤ ਸੰਪੂਰਨ ਜੋਖਮ ਦੇ ਬਾਰੇ ਨਹੀਂ ਦੱਸਿਆ ਗਿਆ ਸੀ। ਗਾਹਕ ਸਿੱਟਿਆਂ ਲਈ ਪੂਰੀ ਤਰ੍ਹਾਂ ਜ਼ੁੰਮੇਵਾਰ ਹੋਣਗੇ ਅਤੇ ਉਸ ਅਧਾਰ ਤੇ ਕਿਸੇ ਵੀ ਕਾਂਟ੍ਰੈਕਟ ਨੂੰ ਰੱਦ ਨਹੀਂ ਕੀਤਾ ਜਾ ਸਕਦਾ ਹੈ।

ਤੁਹਾਨੂੰ ਕਬੂਲਣਾ ਅਤੇ ਸਵੀਕ੍ਰਿਤੀ ਦੇਣੀ ਚਾਹੀਦੀ ਹੈ ਕਿ ਐਕਸਚੇਂਜ ਤੇ ਟ੍ਰੇਡ ਕੀਤੇ ਜਾਣ ਵਾਲੇ ਕਿਸੇ ਕਮੋਡਿਟੀ ਡੈਰਿਵੇਟਿਵ ਦੀ ਖਰੀਦ ਅਤੇ/ਜਾਂ ਵਿਕਰੀ ਦੇ ਆਦੇਸ਼ ਦੀ ਪਾਲਣਾ ਕਰਨ ਵੇਲੇ ਫਾਇਦਿਆਂ ਦੀ ਕੋਈ ਗਰੰਟੀ ਨਹੀਂ ਹੋ ਸਕਦੀ ਹੈ ਅਤੇ/ਜਾਂ ਹਾਨੀਆਂ ਦਾ ਕੋਈ ਅਪਵਾਦ ਨਹੀਂ ਹੋ ਸਕਦਾ ਹੈ।

ਤੁਹਾਨੂੰ ਇਹ ਸਪਸ਼ਟ ਤੌਰ ਤੇ ਸਮਝਣਾ ਚਾਹੀਦਾ ਹੈ ਕਿ ਇੱਕ ਸਦੱਸ ਦੇ ਜ਼ਰੀਏ ਐਕਸਚੇਂਜ ਤੇ ਤੁਹਾਡੀ ਡੀਲਿੰਗ (ਲੈਣ-ਦੇਣ), ਸਦੱਸ ਦੁਆਰਾ ਨਿਰਧਾਰਿਤ ਕੁੱਝ ਰਸਮਾਂ ਨੂੰ ਪੂਰਾ ਕਰਨ ਦੇ ਅਧੀਨ ਹੋਵੇਗੀ ਜਿਸ ਵਿੱਚ *ਹੋਰ ਚੀਜ਼ਾਂ ਦੇ ਨਾਲ-ਨਾਲ* ਆਪਣੇ ਗਾਹਕ ਨੂੰ ਜਾਣੋ ਫਾਰਮ ਨੂੰ ਭਰਨਾ, ਅਤੇ ਸਬੰਧਤ ਐਕਸਚੇਂਜ ਦੇ ਨਿਯਮਾਂ, ਉਪ-ਨਿਯਮਾਂ ਅਤੇ ਕਾਰੋਬਾਰੀ ਨਿਯਮਾਂ, ਅਤੇ SEBI ਦੁਆਰਾ ਨਿਰਧਾਰਿਤ ਸਮੇਂ-ਸਮੇਂ ਤੇ ਜਾਰੀ ਦਿਸ਼ਾ-ਨਿਰਦੇਸ਼ਾਂ ਅਤੇ ਐਕਸਚੇਂਜ ਦੁਆਰਾ ਸਮੇਂ-ਸਮੇਂ ਤੇ ਜਾਰੀ ਕੀਤੇ ਜਾ ਸਕਣ ਵਾਲੇ ਪਰਿ-ਪੱਤਰਾਂ ਦੇ ਅਧੀਨ ਹਨ ।

ਐਕਸਚੇਂਜ ਕੋਈ ਵੀ ਸਲਾਹ ਪ੍ਰਦਾਨ ਨਹੀਂ ਕਰਦਾ ਹੈ ਜਾਂ ਸਲਾਹ ਦੇਣ ਦੀ ਇੱਛਾ ਨਹੀਂ ਰਖਦਾ ਹੈ ਅਤੇ ਕਿਸੇ ਵੀ ਅਜਿਹੇ ਵਿਅਕਤੀ ਲਈ ਜਵਾਬਦੇਹ ਨਹੀਂ ਹੋਵੇਗਾ ਜੋ ਐਕਸਚੇਂਜ ਦੇ ਸਦੱਸ ਅਤੇ/ਜਾਂ ਇਸ ਦਸਤਾਵੇਜ਼ ਵਿੱਚ ਸ਼ਾਮਲ ਕਿਸੇ ਵੀ ਜਾਣਕਾਰੀ ਦੇ ਅਧਾਰ ਤੇ ਕਿਸੇ ਵੀ ਤੀਜੇ ਪੱਖ ਦੇ ਨਾਲ ਕੋਈ ਵੀ ਵਪਾਰਕ ਸਬੰਧ ਸਥਾਪਤ ਕਰਦਾ ਹੈ । ਇਸ ਦਸਤਾਵੇਜ ਵਿੱਚ ਸ਼ਾਮਲ ਕਿਸੇ ਵੀ ਜਾਣਕਾਰੀ ਨੂੰ ਵਪਾਰਕ ਸਲਾਹ/ਨਿਵੇਸ਼ ਦੇ ਰੂਪ ਵਿੱਚ ਨਹੀਂ ਮੰਨਿਆ ਜਾਣਾ ਚਾਹੀਦਾ ਹੈ । ਇਸ ਤਰ੍ਹਾਂ ਦੀ ਟ੍ਰੇਡਿੰਗ ਵਿੱਚ ਸ਼ਾਮਲ ਜੋਖਮਾਂ ਨੂੰ ਬਿਨਾਂ ਪੂਰੀ ਤਰ੍ਹਾਂ ਸਮਝੇ ਅਤੇ ਬਿਨਾਂ ਸਮੀਖਿਆ ਕੀਤੇ, ਟ੍ਰੇਡ ਕਰਨ ਲਈ ਕੋਈ ਵੀ ਵਿਚਾਰ ਨਹੀਂ ਬਣਾਇਆ ਜਾਣਾ ਚਾਹੀਦਾ ਹੈ । ਜੇ ਤੁਸੀਂ ਨਿਸ਼ਚਤ ਨਹੀਂ ਹੋ, ਤਾਂ ਤੁਹਾਨੂੰ ਉਸ ਬਾਰੇ ਪੇਸ਼ੇਵਰ ਸਲਾਹ ਲੈਣੀ ਚਾਹੀਦੀ ਹੈ ।

ਇਹ ਵਿਚਾਰ ਕਰਨ ਲਈ ਕਿ ਟ੍ਰੇਡ ਕੀਤਾ ਜਾਵੇ ਜਾਂ ਨਹੀਂ, ਤੁਹਾਨੂੰ ਹੇਠਾਂ ਦੇ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ ਜਾਂ ਇਨ੍ਹਾਂ ਨਾਲ ਜਾਣੂ ਹੋਣਾ ਚਾਹੀਦਾ ਹੈ:-

1. **ਐਕਸਚੇਂਜ ਤੇ ਕਮੋਡਿਟੀ ਫਿਊਚਰ ਕਾਂਟ੍ਰੈਕਟਸ ਅਤੇ ਹੋਰ ਕਮੋਡਿਟੀ ਡੇਰਿਵੇਟਿਵਸ ਇੰਸਟਰੂਮੈਂਟਸ ਦੀ ਟ੍ਰੇਡਿੰਗ ਨਾਲ ਜੁੜੇ ਬੁਨਿਆਦੀ ਜੋਖਮ।**

   i. **ਉੱਚ ਅਸਥਿਰਤਾ ਦਾ ਜੋਖਮ**

   ਅਸਥਿਰਤਾ ਦਾ ਭਾਵ ਇਸ ਕੀਮਤ ਵਿੱਚ ਗਤੀਸ਼ੀਲ ਤਬਦੀਲੀ ਨਾਲ ਹੈ ਜਿਸ ਤੇ ਇੱਕ ਕਮੋਡਿਟੀ ਡੇਰਿਵੇਟਿਵ ਕਾਂਟ੍ਰੈਕਟ ਕੀਤਾ ਜਾਂਦਾ ਹੈ ਜਦੋਂ ਟ੍ਰੇਡਿੰਗ ਗਤੀਵਿਧੀਆਂ ਕਮੋਡਿਟੀ ਐਕਸਚੇਂਜ ਵਿੱਚ ਜਾਰੀ ਰਹਿੰਦੀ ਹੈ । ਆਮ ਤੌਰ ਤੇ ਇੱਕ ਕਮੋਡਿਟੀ ਡੇਰਿਵੇਟਿਵ ਕਾਂਟ੍ਰੈਕਟ ਦੀ ਅਸਥਿਰਤਾ ਜਿੰਨੀ ਉੱਚ ਹੁੰਦੀ ਹੈ ਉਸ ਦੇ ਮੁੱਲ ਵਿੱਚ ਤਬਦੀਲੀ ਵੀ ਉੱਨੀ ਹੀ ਜ਼ਿਆਦਾ ਹੁੰਦੀ ਹੈ । ਸਕ੍ਰਿਅ ਕਮੋਡਿਟੀ/ਕਾਂਟ੍ਰੈਕਟਸ ਦੀ ਤੁਲਨਾ ਵਿੱਚ ਘੱਟ ਟ੍ਰੇਡ ਕੀਤੀ ਜਾਣ ਵਾਲੀ ਕਮੋਡਿਟੀ ਡੇਰਿਵੇਟਿਵ ਕਾਂਟ੍ਰੈਕਟਸ ਵਿੱਚ ਆਮ ਤੌਰ ਤੇ ਜ਼ਿਆਦਾ ਅਸਥਿਰਤਾ ਹੋ ਸਕਦੀ ਹੈ । ਅਸਥਿਰਤਾ ਦੇ ਸਿੱਟੇ ਵਜੋਂ, ਤੁਹਾਡੇ ਆਦੇਸ਼ ਦੀ ਸਿਰਫ ਆਂਸ਼ਿਕ ਤੌਰ ਤੇ ਪਾਲਣਾ ਕੀਤੀ ਜਾ ਸਕਦੀ ਹੈ ਜਾਂ ਬਿਲਕੁਲ ਵੀ ਪਾਲਣਾ ਨਹੀਂ ਕੀਤੀ ਜਾ ਸਕਦੀ ਹੈ, ਜਾਂ ਉਹ ਕੀਮਤ ਜਿਸ ਤੇ ਤੁਹਾਡੇ ਆਦੇਸ਼ ਦੀ ਪਾਲਣਾ ਕੀਤੀ ਜਾਂਦੀ ਹੈ, ਅੰਤਿਮ ਟ੍ਰੇਡਿਡ ਕੀਮਤ ਤੋਂ ਥੋੜ੍ਹੀ ਭਿੰਨ ਹੋ ਸਕਦੀ ਹੈ ਜਾਂ ਲਗਾਤਾਰ ਬਦਲ ਸਕਦੀ ਹੈ ਜਿਸ ਦੇ ਸਿੱਟੇ ਵਜੋਂ ਵਾਸਤਵਿਕ ਨੁਕਸਾਨ ਹੋ ਸਕਦਾ ਹੈ ।

   ii. **ਘੱਟ ਤਰਲਤਾ (ਲੋਅਰ ਲਿਕਵਿਡਿਟੀ) ਦਾ ਜੋਖਮ:**

   a. ਤਰਲਤਾ ਇੱਕ ਪ੍ਰਤੀਯੋਗੀ ਕੀਮਤ ਤੇ ਅਤੇ ਨਿਮਨਤਮ ਕੀਮਤ ਅੰਤਰ ਦੇ ਨਾਲ ਤੇਜ਼ੀ ਨਾਲ ਕਮੋਡਿਟੀ ਡੇਰਿਵੇਟਿਵਸ ਕਾਂਟ੍ਰੈਕਟਸ ਦੀ ਖਰੀਦ ਅਤੇ/ਜਾਂ ਵਿਕਰੀ ਲਈ ਬਜ਼ਾਰ ਸਹਿਯੋਗੀਆਂ ਦੀ ਸਮਰੱਥਾ ਨੂੰ ਦਰਸ਼ਾਉਂਦੀ ਹੈ। ਆਮ ਤੌਰ ਤੇ ਇਹ ਮੰਨਿਆ ਜਾਂਦਾ ਹੈ ਕਿ ਇੱਕ ਬਜ਼ਾਰ ਵਿੱਚ ਉਪਲਬਧ ਆਦੇਸ਼ਾਂ ਦੀ ਸੰਖਿਆ ਜਿੰਨੀ ਜ਼ਿਆਦਾ ਹੁੰਦੀ ਹੈ, ਤਰਲਤਾ ਉੱਨੀ ਹੀ ਜ਼ਿਆਦਾ ਹੁੰਦੀ ਹੈ । ਤਰਲਤਾ ਮਹੱਤਵਪੂਰਨ ਹੈ ਕਿਉਂਕਿ ਜ਼ਿਆਦਾ ਤਰਲਤਾ ਦੇ ਨਾਲ, ਨਿਵੇਸ਼ਕਾਂ ਲਈ ਤੇਜ਼ੀ ਨਾਲ ਅਤੇ ਨਿਮਨਤਮ ਕੀਮਤ ਅੰਤਰ ਦੇ ਨਾਲ ਕਮੋਡਿਟੀ ਡੇਰਿਵੇਟਿਵ ਕਾਂਟ੍ਰੈਕਟਸ ਨੂੰ ਖਰੀਦਣਾ ਅਤੇ/ਜਾਂ ਵਿਕਰੀ ਕਰਨਾ ਅਸਾਨ ਹੋ ਜਾਂਦਾ ਹੈ, ਅਤੇ ਸਿੱਟੇ ਵਜੋਂ, ਨਿਵੇਸ਼ਕਾਂ ਦੁਆਰਾ ਖਰੀਦੀ ਜਾਂ ਵਿਕਰੀ ਕੀਤੀ ਗਈ ਕਮੋਡਿਟੀ ਡੇਰਿਵੇਟਿਵ ਕਾਂਟ੍ਰੈਕਟਸ ਲਈ ਇੱਕ ਪ੍ਰਤੀਯੋਗੀ ਕੀਮਤ ਦਾ ਭੁਗਤਾਨ ਕੀਤੇ ਜਾਣ ਜਾਂ ਪ੍ਰਾਪਤ ਹੋਣ ਦੀ ਸੰਭਾਵਨਾ ਹੁੰਦੀ ਹੈ । ਸਕ੍ਰਿਅ ਕਮੋਡਿਟੀ ਡੇਰਿਵੇਟਿਵ ਕਾਂਟ੍ਰੈਕਟਸ ਦੀ ਤੁਲਨਾ ਵਿੱਚ ਕੁਝ ਕਮੋਡਿਟੀ ਡੇਰਿਵੇਟਿਵ ਕਾਂਟ੍ਰੈਕਟਸ ਵਿੱਚ ਘੱਟ ਤਰਲਤਾ ਦਾ ਖਤਰਾ ਹੋ ਸਕਦਾ ਹੈ । ਸਿੱਟੇ ਵਜੋਂ, ਤੁਹਾਡੇ ਆਦੇਸ਼ ਦੀ ਸਿਰਫ ਆਂਸ਼ਿਕ ਤੌਰ ਤੇ ਪਾਲਣਾ ਕੀਤੀ ਜਾ ਸਕਦੀ ਹੈ, ਜਾਂ ਤੁਲਨਾਤਮਕ ਤੌਰ ਤੇ ਜ਼ਿਆਦਾ ਕੀਮਤ ਅੰਤਰ ਦੇ ਨਾਲ ਪਾਲਣਾ ਕੀਤੀ ਜਾ ਸਕਦੀ ਹੈ ਜਾਂ ਬਿਲਕੁਲ ਵੀ ਪਾਲਣਾ ਨਹੀਂ ਕੀਤੀ ਜਾ ਸਕਦੀ ਹੈ ।

   b. ਕੁਝ ਨਿਸ਼ਚਤ ਕਮੋਡਿਟੀਜ਼ ਦੀ ਡਿਲਿਵਰੀ ਦੇਣ ਅਤੇ/ਜਾਂ ਲੈਣ ਦੇ ਇਰਾਦੇ ਤੋਂ ਬਿਨਾਂ ਉਨ੍ਹਾਂ ਦੀ ਖਰੀਦ ਜਾਂ ਵਿਕਰੀ ਦੇ ਸਿੱਟੇ ਵਜੋਂ ਵੀ ਨੁਕਸਾਨ ਹੋ ਸਕਦਾ ਹੈ, ਅਜਿਹੀ ਸਥਿਤੀ ਵਿੱਚ, ਕਮੋਡਿਟੀ ਡੇਰਿਵੇਟਿਵ ਕਾਂਟ੍ਰੈਕਟਸ ਨੂੰ ਲੋੜੀਂਦੀ ਕੀਮਤ ਪੱਧਰਾਂ ਦੀ ਤੁਲਨਾ ਵਿੱਚ, ਘੱਟ/ਉੱਚ ਕੀਮਤਾਂ ਤੇ ਨਿਪਟਾਨ ਕੀਤਾ ਜਾ ਸਕਦਾ ਹੈ, ਇਸ ਲਈ ਅਜਿਹੀ ਕਮੋਡਿਟੀ ਡਿਲਿਵਰੀ ਕਰਨ ਜਾਂ ਪ੍ਰਾਪਤ ਕਰਨ ਲਈ ਕੋਈ ਵੀ ਜ਼ੁੰਮੇਵਾਰੀ ਨਾ ਰੱਖੋ ।

   iii. **ਵਿਆਪਕ ਸਪ੍ਰੈਡ ਦਾ ਜੋਖਮ:**

   a. ਸਪ੍ਰੈਡ ਸਭ ਤੋਂ ਉੱਤਮ ਖਰੀਦੀ ਕੀਮਤ ਅਤੇ ਸਭ ਤੋਂ ਉੱਤਮ ਵਿਕਰੀ ਦੀ ਕੀਮਤ ਦੇ ਵਿੱਚ ਦੇ ਅੰਤਰ ਨੂੰ ਦਰਸ਼ਾਉਂਦਾ ਹੈ। ਇਹ ਇੱਕ ਕਮੋਡਿਟੀ ਡੇਰਿਵੇਟਿਵਸ ਖਰੀਦਣ ਅਤੇ ਇਸ ਦੇ ਤੁਰੰਤ ਬਾਅਦ ਵਿਕਰੀ ਕਰਨ ਜਾਂ ਪ੍ਰਤੀਕੂਲ ਤੌਰ ਤੇ ਕੀਮਤਾਂ ਦੇ ਵਿੱਚ ਅੰਤਰ ਨੂੰ ਪ੍ਰਦਰਸ਼ਿਤ ਕਰਦਾ ਹੈ। ਨਿਮਨਤਮ ਤਰਲਤਾ ਅਤੇ ਉੱਚ ਅਸਥਿਰਤਾ ਦੇ ਸਿੱਟੇ ਵਜੋਂ ਘੱਟ ਤਰਲ ਜਾਂ ਗੈਰ-ਤਰਲ ਕਮੋਡਿਟੀ/ਕਮੋਡਿਟੀ ਡੇਰਿਵੇਟਿਵ ਕਾਂਟ੍ਰੈਕਟਸ ਲਈ ਆਮ ਨਾਲੋਂ ਜ਼ਿਆਦਾ ਸਪ੍ਰੈਡ ਹੋ ਸਕਦਾ ਹੈ। ਇਹ ਬਦਲੇ ਵਿੱਚ ਬਿਹਤਰ ਕੀਮਤ ਦੀ ਸਥਾਪਨਾ ਵਿੱਚ ਰੁਕਾਵਟ ਪੈਦਾ ਕਰੇਗਾ ।

iv. **ਜੋਖਮ ਨੂੰ ਘੱਟ ਕਰਨ ਵਾਲੇ ਆਦੇਸ਼:**

a. ਜ਼ਿਆਦਾਤਰ ਐਕਸਚੇਂਜਾਂ ਤੇ ਨਿਵੇਸ਼ਕਾਂ ਲਈ "ਲਿਮਿਟ ਆਰਡਰਸ" "ਸਟਾਪ ਲਾਸ ਆਰਡਰਸ" ਆਦਿ ਦੀ ਸੁਵਿਧਾ ਰਹਿੰਦੀ ਹੈ। ਅਜਿਹੇ ਆਦੇਸ਼ (ਜਿਵੇਂ ਕਿ "ਸਟਾਪ ਲਾਸ" ਆਦੇਸ਼, ਜਾਂ "ਲਿਮਿਟ" ਆਦੇਸ਼) ਨੂੰ ਰਖਣਾ ਜੋ ਹਾਨੀਆਂ ਨੂੰ ਕੁਝ ਰਕਮ ਤਕ ਸੀਮਤ ਕਰਨ ਦਾ ਇਰਾਦਾ ਰਖਦੇ ਹਨ, ਕਈ ਵਾਰੀ ਪ੍ਰਭਾਵੀ ਨਹੀਂ ਹੋ ਸਕਦੇ ਹਨ ਕਿਉਂਕਿ ਬਜ਼ਾਰ ਦੀ ਸਥਿਤੀਆਂ ਵਿੱਚ ਤੇਜ਼ ਵਾਧੇ-ਘਾਟੇ ਦੇ ਕਾਰਨ ਅਜਿਹੇ ਆਦੇਸ਼ਾਂ ਦੀ ਪਾਲਣਾ ਕਰਨਾ ਸੰਭਵ ਨਹੀਂ ਹੋ ਸਕਦਾ ਹੈ।

b. ਇੱਕ "ਬਜ਼ਾਰ" ਆਦੇਸ਼ ਦੀ ਕੀਮਤ ਤੇ ਧਿਆਨ ਦਿੱਤੇ ਬਿਨਾਂ ਪ੍ਰਤੀਕੂਲ ਤੌਰ ਤੇ ਆਦੇਸ਼ਾਂ ਦੀ ਉਪਲਬਧਤਾ ਦੇ ਅਧੀਨ ਤੁਰੰਤ ਪਾਲਣਾ ਕੀਤੀ ਜਾਵੇਗੀ ਅਤੇ ਇਹ ਕਿ, ਜੱਦਕਿ ਗਾਹਕ ਨੂੰ ਇੱਕ "ਬਜ਼ਾਰ" ਆਦੇਸ਼ ਦਾ ਤੁਰੰਤ ਅਮਲ ਪ੍ਰਾਪਤ ਹੋ ਸਕਦਾ ਹੈ, ਅਮਲ ਬਕਾਇਆ ਆਦੇਸ਼ਾਂ ਦੀਆਂ ਉਪਲਬਧ ਕੀਮਤਾਂ ਤੇ ਹੋ ਸਕਦਾ ਹੈ ਜੋ ਕੀਮਤ ਸਮੇਂ ਪ੍ਰਾਥਮਿਕਤਾ ਤੇ ਆਦੇਸ਼ ਮਾਤਰਾ ਨੂੰ ਸੰਤੁਸ਼ਟ ਕਰਦੇ ਹੋਣ । ਇਹ ਸਮਝਿਆ ਜਾ ਸਕਦਾ ਹੈ ਕਿ ਇਹ ਕੀਮਤਾਂ ਉਸ ਕਮੋਡਿਟੀ ਡੇਰਿਵੇਟਿਵ ਕਾਂਟ੍ਰੈਕਟ ਵਿੱਚ ਅੰਤਿਮ ਟ੍ਰੇਡ ਕੀਤੇ ਗਏ ਮੁੱਲ ਜਾਂ ਸਭ ਤੋਂ ਉੱਤਮ ਕੀਮਤ ਤੋਂ ਕਾਫੀ ਭਿੰਨ ਹੋ ਸਕਦੀਆਂ ਹਨ।

c. ਇੱਕ "ਲਿਮਿਟ" ਆਦੇਸ਼ ਦੀ ਸਿਰਫ ਆਦੇਸ਼ ਲਈ ਨਿਰਦਿਸ਼ਟ "ਲਿਮਿਟ" ਕੀਮਤ ਜਾਂ ਇੱਕ ਬਿਹਤਰ ਕੀਮਤ ਤੇ ਪਾਲਣਾ ਕੀਤੀ ਜਾਵੇਗੀ। ਹਾਲਾਂਕਿ, ਗਾਹਕ ਨੂੰ ਮੁੱਲ ਸੁਰੱਖਿਆ ਪ੍ਰਾਪਤ ਹੁੰਦੀ ਹੈ ਫੇਰ ਵੀ ਇਹ ਸੰਭਾਵਨਾ ਹੈ ਕਿ ਆਦੇਸ਼ ਦੀ ਬਿਲਕੁਲ ਵੀ ਪਾਲਣਾ ਨਹੀਂ ਕੀਤੀ ਜਾ ਸਕਦੀ ਹੈ।

d. ਇੱਕ ਸਟਾਪ ਲਾਸ ਆਦੇਸ਼ ਨੂੰ ਆਮ ਤੌਰ ਤੇ ਇੱਕ ਕਮੋਡਿਟੀ ਡੇਰਿਵੇਟਿਵਸ ਕਾਂਟ੍ਰੈਕਟ ਦੀ ਵਰਤਮਾਨ ਕੀਤਮ ਤੋਂ "ਅਲੱਗ" ਸਥਾਪਿਤ ਕੀਤਾ ਜਾਂਦਾ ਹੈ, ਅਤੇ ਅਜਿਹੇ ਆਦੇਸ਼ ਸਿਰਫ ਤਾਂ ਹੀ ਸਕ੍ਰਿਅ ਹੁੰਦੇ ਹਨ ਜਦੋਂ ਕਾਂਟ੍ਰੈਕਟ ਸਟਾਪ ਕੀਮਤ ਤੇ ਪਹੁੰਚਦਾ ਹੈ ਜਾਂ ਉਸ ਦੇ ਜਰੀਏ ਟ੍ਰੇਡ ਕਰਦਾ ਹੈ । ਵਿਕਰੀ ਸਟਾਪ ਆਦੇਸ਼ ਸਧਾਰਨ ਤੌਰ ਤੇ ਵਰਤਮਾਨ ਕੀਮਤ ਤੋਂ ਥੱਲੇ ਜਮਾਂ ਕੀਤੇ ਜਾਂਦੇ ਹਨ, ਅਤੇ ਖਰੀਦ ਸਟਾਪ ਆਦੇਸ਼ ਸਧਾਰਨ ਤੌਰ ਤੇ ਵਰਤਮਾਨ ਕੀਮਤ ਤੋਂ ਉੱਪਰ ਜਮਾਂ ਕੀਤੇ ਜਾਂਦੇ ਹਨ। ਜਦੋਂ ਕਾਂਟ੍ਰੈਕਟ ਪੂਰਵ-ਨਿਰਧਾਰਤ ਕੀਮਤ ਤੇ ਪਹੁੰਚ ਜਾਂਦਾ ਹੈ, ਜਾਂ ਇਸ ਤਰ੍ਹਾਂ ਦੇ ਮੁੱਲ ਤੋਂ ਹੋ ਕੇ ਟ੍ਰੇਡ ਕਰਦਾ ਹੈ ਤਾਂ ਸਟਾਪ ਲਾਸ ਆਦੇਸ਼ ਇੱਕ ਬਜ਼ਾਰ/ਲਿਮਿਟ ਆਦੇਸ਼ ਵਿੱਚ ਬਦਲ ਜਾਂਦਾ ਹੈ ਅਤੇ ਲਿਮਿਟ ਤੇ ਜਾਂ ਬਿਹਤਰ ਸਥਿਤੀ ਵਿੱਚ ਪਾਲਣਾ ਕੀਤੀ ਜਾਂਦੀ ਹੈ । ਇਸ ਗੱਲ ਦਾ ਕੋਈ ਵਿਸ਼ਵਾਸ ਨਹੀਂ ਦਵਾਇਆ ਜਾਂਦਾ ਹੈ ਕਿ ਲਿਮਿਟ ਆਦੇਸ਼ ਪਾਲਣਾ ਕਰਨ ਯੋਗ ਹੋ ਜਾਵੇਗਾ, ਹਾਲਾਂਕਿ ਇੱਕ ਕਾਂਟ੍ਰੈਕਟ ਪੂਰਵ-ਨਿਰਧਾਰਤ ਕੀਮਤ ਤੇ ਕਾਰਜ ਕਰ ਸਕਦਾ ਹੈ, ਅਜਿਹੀ ਸਥਿਤੀ ਵਿੱਚ ਅਜਿਹੇ ਆਦੇਸ਼ ਦੀ ਪਾਲਣਾ ਨਾ ਹੋਣ ਦਾ ਜੋਖਮ ਸਿਰਫ ਇੱਕ ਨੇਮਤ ਲਿਮਿਟ ਆਦੇਸ਼ ਦੇ ਰੂਪ ਵਿੱਚ ਪੈਦਾ ਹੁੰਦਾ ਹੈ।

v. **ਖਬਰਾਂ ਦੀਆਂ ਘੋਸ਼ਣਾਵਾਂ ਦਾ ਜੋਖਮ:**

a. ਵਪਾਰੀਆਂ/ਨਿਰਮਾਤਾਵਾਂ ਦੁਆਰਾ ਖਬਰਾਂ ਸਬੰਧੀ ਘੋਸ਼ਣਾਵਾਂ ਕੀਤੀਆਂ ਜਾਂਦੀਆਂ ਹਨ ਜੋ ਕਮੋਡਿਟੀ ਅਤੇ ਜਾਂ ਕਮੋਡਿਟੀ ਡੇਰਿਵੇਟਿਵਸ ਕਾਂਟ੍ਰੈਕਟਸ ਦੇ ਮੁੱਲ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ । ਇਹ ਘੋਸ਼ਣਾਵਾਂ ਟ੍ਰੇਡਿੰਗ ਦੇ ਦੌਰਾਨ ਕੀਤੀਆਂ ਜਾ ਸਕਦੀਆਂ ਹਨ ਅਤੇ ਘੱਟ ਤਰਲਤਾ ਅਤੇ ਉੱਚ ਅਸਥਿਰਤਾ ਦੇ ਨਾਲ ਸੰਯੋਜਨ ਕੀਤੇ ਜਾਣ ਤੇ, ਅਚਾਨਕ ਕਮੋਡਿਟੀ/ਕਮੋਡਿਟੀ ਡੇਰਿਵੇਟਿਵਸ ਕਾਂਟ੍ਰੈਕਟਸ ਦੀ ਕੀਮਤ ਵਿੱਚ ਇੱਕ ਗੈਰ-ਉਮੀਦੀ ਸਕਾਰਾਤਮਕ ਜਾਂ ਨਕਾਰਾਤਮਕ ਹਲਚਲ ਦਾ ਕਾਰਨ ਬਣ ਸਕਦੇ ਹਨ।

vi. **ਅਫਵਾਹਾਂ ਦਾ ਜੋਖਮ:**

a. ਕਈ ਵਾਰੀ ਕਮੋਡਿਟੀ ਦੀ ਕੀਮਤ ਦੇ ਬਾਰੇ ਸ਼ਬਦਾਂ, ਅਖਬਾਰਾਂ, ਵੈੱਬਸਾਇਟਾਂ ਜਾਂ ਖਬਰਾਂ ਦੀਆਂ ਏਜੰਸੀਆਂ ਆਦਿ ਦੇ ਜ਼ਰੀਏ ਬਜ਼ਾਰ ਵਿੱਚ ਅਫਵਾਹਾਂ ਫੈਲਣ ਲੱਗ ਜਾਂਦੀਆਂ ਹਨ, ਨਿਵੇਸ਼ਕਾਂ ਨੂੰ ਇਸ ਤੋਂ ਸਤਰਕ ਰਹਿਣਾ ਚਾਹੀਦਾ ਹੈ ਅਤੇ ਅਫਵਾਹਾਂ ਦੇ ਅਧਾਰ ਤੇ ਕਾਰਜ ਕਰਨ ਤੋਂ ਬਚਣਾ ਚਾਹੀਦਾ ਹੈ।

vii. **ਪ੍ਰਣਾਲੀਗਤ ਜੋਖਮ:**

a. ਉੱਚ ਮਾਤਰਾ ਟ੍ਰੇਡਿੰਗ ਅਕਸਰ ਬਜ਼ਾਰ ਖੁੱਲ੍ਹਣ ਵੇਲੇ ਅਤੇ ਬਜ਼ਾਰ ਬੰਦ ਹੋਣ ਤੋਂ ਪਹਿਲਾਂ ਘਟਿਤ ਹੋਵੇਗੀ । ਇਸ ਤਰ੍ਹਾਂ ਦੀ ਉੱਚ ਮਾਤਰਾ ਦਿਨ ਵਿੱਚ ਕਿਸੇ ਵੀ ਸਮੇਂ ਤੇ ਹੋ ਸਕਦੀ ਹੈ । ਇਸ ਦੇ ਸਿੱਟੇ ਵਜੋਂ ਆਦੇਸ਼ ਦੀ ਪਾਲਣਾ ਕਰਨ ਜਾਂ ਪੁਸ਼ਟੀਕਰਨ ਵਿੱਚ ਦੇਰੀ ਹੋ ਸਕਦੀ ਹੈ।

b. ਅਸਥਿਰਤਾ ਦੀ ਅਵਧੀ ਦੇ ਦੌਰਾਨ, ਲਗਾਤਾਰ ਆਪਣੇ ਆਦੇਸ਼ ਦੀ ਮਾਤਰਾ ਜਾਂ ਕੀਮਤਾਂ ਨੂੰ ਸੰਸ਼ੋਧਿਤ ਕਰਨ ਜਾਂ ਨਵਾਂ ਆਦੇਸ਼ ਸਥਾਪਿਤ ਕਰਨ ਵਾਲੇ ਬਜ਼ਾਰ ਭਾਗੀਦਾਰਾਂ ਦੇ ਕਰਕੇ, ਆਦੇਸ਼ ਦੀ ਪਾਲਣਾ ਕਰਨ ਜਾਂ ਇਸ ਦੇ ਪੁਸ਼ਟੀਕਰਨ ਵਿੱਚ ਦੇਰੀ ਹੋ ਸਕਦੀ ਹੈ।

c. ਕੁਝ ਨਿਸ਼ਚਤ ਬਜ਼ਾਰ ਹਲਾਤਾਂ ਵਿੱਚ, ਇੱਕ ਉੱਚਿਤ ਕੀਮਤ ਤੇ ਜਾਂ ਸਮੁੱਚੇ ਬਜ਼ਾਰ ਵਿੱਚ ਇੱਕ ਸਥਿਤੀ ਨੂੰ ਸਮਾਪਤ ਕਰਨਾ ਉਦੋਂ ਮੁਸ਼ਕਲ ਜਾਂ ਅਸੰਭਵ ਹੋ ਸਕਦਾ ਹੈ ਜਦੋਂ ਖਰੀਦ ਪੱਖ ਜਾਂ ਵਿਕਰੀ ਪੱਖ ਦਾ ਕੋਈ ਵੀ ਆਦੇਸ਼ ਬਕਾਇਆ ਨਾ ਹੋਵੇ, ਜਾਂ ਜੇ ਅਸਧਾਰਨ ਟ੍ਰੇਡਿੰਗ ਗਤੀਵਿਧੀ ਜਾਂ ਕੀਮਤ ਦੇ ਸਰਕਿਟ ਫਿਲਟਰ ਨੂੰ ਪਾਰ ਕਰਨ ਤੇ ਜਾਂ ਕਿਸੇ ਹੋਰ ਕਾਰਨ ਕਰਕੇ ਇੱਕ ਕਮੋਡਿਟੀ ਵਿੱਚ ਟ੍ਰੇਡਿੰਗ ਨੂੰ ਰੋਕ ਦਿੱਤਾ ਗਿਆ ਹੋਵੇ ।

viii. **ਪ੍ਰਣਾਲੀ/ਨੈਟਵਰਕ ਕੰਜੈਸ਼ਨ:**

a. ਆਦੇਸ਼ਾਂ ਨੂੰ ਸਥਾਪਿਤ ਕਰਨ ਅਤੇ ਰੂਟਿੰਗ ਕਰਨ ਲਈ ਸੈਟੇਲਾਇਟ/ਲੀਜ਼ਡ ਲਾਇਨ ਅਧਾਰਤ ਸੰਚਾਰ, ਤਕਨੀਕਾਂ ਅਤੇ ਕੰਪਿਊਟਰ ਪ੍ਰਣਾਲੀਆਂ ਦੇ ਸੰਯੋਜਨ ਤੇ ਅਧਾਰਤ ਇਲੈਕਟ੍ਰੋਨਿਕ ਮੋਡ ਵਿੱਚ ਐਕਸਚੇਂਜ ਤੇ ਟ੍ਰੇਡਿੰਗ ਹੁੰਦੀ ਹੈ । ਇਸ ਤਰ੍ਹਾਂ, ਉੱਥੇ ਸੰਚਾਰ ਵਿਫਲਤਾ ਜਾਂ ਪ੍ਰਣਾਲੀਗਤ ਸਮੱਸਿਆਵਾਂ ਜਾਂ ਪ੍ਰਣਾਲੀ ਤੋਂ ਹੌਲੀ ਜਾਂ ਦੇਰੀ ਨਾਲ ਪ੍ਰਤੀਕਿਰਿਆ ਜਾਂ ਟ੍ਰੇਡਿੰਗ ਨੂੰ ਰੋਕਣ ਜਾਂ ਅਜਿਹੀ ਕੋਈ ਹੋਰ ਸਮੱਸਿਆ/ਗੜਬੜੀ ਮੌਜੂਦ ਹੋ ਸਕਦੀ ਹੈ, ਜਿੱਥੇ ਟ੍ਰੇਡਿੰਗ ਪ੍ਰਣਾਲੀ/ਨੈਟਵਰਕ ਲਈ ਪਹੁੰਚ ਸਥਾਪਿਤ ਕਰਨਾ ਸੰਭਵ ਨਹੀਂ ਸੀ, ਜੋ ਨਿਯੰਤ੍ਰਣ ਤੋਂ ਬਾਹਰ ਹੋ ਸਕਦਾ ਹੈ ਅਤੇ ਜਿਸ ਦੇ ਸਿੱਟੇ ਵਜੋਂ ਆਂਸ਼ਿਕ ਜਾਂ ਸੰਪੂਰਨ ਤੌਰ ਤੇ ਖਰੀਦ ਜਾਂ ਵਿਕਰੀ ਆਦੇਸ਼ਾਂ ਨੂੰ ਕਰਨ ਜਾਂ ਨਾ ਕਰਨ ਵਿੱਚ ਦੇਰੀ ਹੋ ਸਕਦੀ ਹੈ । ਤੁਹਾਨੂੰ ਇਹ ਧਿਆਨ ਦੇਣ ਲਈ ਸਤਰਕ ਕੀਤਾ ਜਾਂਦਾ ਹੈ ਕਿ ਭਾਵੇਂ ਇਹ ਸਮੱਸਿਆਵਾਂ ਸੰਭਾਵੀ ਤੌਰ ਤੇ ਅਸਥਾਈ ਹੋ ਸਕਦੀਆਂ ਹਨ ਪਰ ਜਦੋਂ ਤੁਹਾਡੇ ਕੋਲ ਖੁੱਲ੍ਹੀ ਸਥਿਤੀ ਜਾਂ ਗੈਰ-ਅਨੁਪਾਲਣ ਆਦੇਸ਼ ਬਕਾਇਆ ਹੋਣ ਤਾਂ ਇਹ ਸਾਰੇ ਅਨੁਪਾਲਣ ਲੈਣ-ਦੇਣਾਂ ਦਾ ਨਿਪਟਾਨ ਕਰਨ ਲਈ ਤੁਹਾਡੀਆਂ ਜ਼ੁੰਮੇਵਾਰੀਆਂ ਦੇ ਕਾਰਨ ਜੋਖਮ ਦਾ ਵਹਿਣ ਕਰਦੇ ਹਨ।

2. ਜਿੱਥੋਂ ਤਕ ਫਿਊਚਰ ਕਮੋਡਿਟੀ ਡੇਰਿਵੇਟਿਵ ਦਾ ਸਬੰਧ ਹੈ, ਕਿਰਪਾ ਕਰਕੇ ਹੇਠਾਂ ਦਿੱਤੀਆਂ ਵਾਧੂ ਸੁਵਿਧਾਵਾਂ ਤੇ ਧਿਆਨ ਦਿਓ ਅਤੇ ਇਨ੍ਹਾਂ ਤੋਂ ਖੁਦ ਨੂੰ ਜਾਣੂ ਕਰਵਾਓ:-

"ਲੀਵਰੇਜ" ਜਾਂ "ਗਿਅਰਿੰਗ" ਦਾ ਪ੍ਰਭਾਵ:

a. ਮਾਰਜਨ ਦੀ ਰਕਮ ਕਮੋਡਿਟੀ ਡੇਰਿਵੇਟਿਵ ਕਾਂਟ੍ਰੈਕਟ ਦੀ ਰਕਮ ਦਾ ਇੱਕ ਛੋਟਾ ਅਨੁਪਾਤ ਹੁੰਦੀ ਹੈ, ਇਸ ਕਰਕੇ ਲੈਣ-ਦੇਣ 'ਲੀਵਰੇਜ਼ਡ' ਜਾਂ 'ਗਿਅਰਡ' ਹੋ ਜਾਂਦੇ ਹਨ । ਕਮੋਡਿਟੀ ਡੇਰਿਵੇਟਿਵ ਟ੍ਰੇਡਿੰਗ ਜਿਸ ਨੂੰ ਮਾਰਜਨ ਦੀ ਇੱਕ ਲੋੜੀਂਦੀ ਛੋਟੀ ਰਕਮ ਦੇ ਨਾਲ ਕੀਤਾ ਜਾਂਦਾ ਹੈ, ਪ੍ਰਮੁੱਖ ਨਿਵੇਸ਼ ਰਕਮ ਦੀ ਤੁਲਨਾ ਵਿੱਚ ਜ਼ਿਆਦਾ ਫਾਇਦਾ ਜਾਂ ਹਾਨੀ ਦੀ ਸੰਭਾਵਨਾ ਪ੍ਰਦਾਨ ਕਰਦੀ ਹੈ । ਪਰ ਕਮੋਡਿਟੀ ਡੇਰਿਵੇਟਿਵ ਵਿੱਚ ਲੈਣ-ਦੇਣ ਵਿੱਚ ਉੱਚ ਪੱਧਰ ਦਾ ਜੋਖਮ ਸ਼ਾਮਲ ਹੁੰਦਾ ਹੈ। ਇਸ ਲਈ ਤੁਹਾਨੂੰ ਅਸਲ ਵਿੱਚ ਕਮੋਡਿਟੀ ਡੇਰਿਵੇਟਿਵ ਕਾਂਟ੍ਰੈਕਟਸ ਵਿੱਚ ਟ੍ਰੇਡਿੰਗ ਕਰਨ ਤੋਂ ਪਹਿਲਾਂ ਹੇਠਾਂ ਦਿੱਤੇ ਵਿਵਰਣਾਂ ਨੂੰ ਪੂਰੀ ਤਰ੍ਹਾਂ ਸਮਝਣਾ ਚਾਹੀਦਾ ਹੈ ਅਤੇ ਨਾਲ ਹੀ ਵਿਅਕਤੀ ਦੇ ਹਲਾਤਾਂ, ਵਿੱਤੀ ਸਰੋਤਾਂ ਆਦਿ ਨੂੰ ਧਿਆਨ ਵਿੱਚ ਰੱਖ ਕੇ ਸਾਵਧਾਨੀ ਦੇ ਨਾਲ ਟ੍ਰੇਡ ਕਰਨਾ ਚਾਹੀਦਾ ਹੈ ।

b. ਫਿਊਚਰ ਕਮੋਡਿਟੀ ਡੇਰਿਵੇਟਿਵਸ ਵਿੱਚ ਟ੍ਰੇਡਿੰਗ ਵਿੱਚ ਸਾਰੀਆਂ ਸਥਿਤੀਆਂ ਦਾ ਰੋਜ਼ ਨਿਪਟਾਨ ਸ਼ਾਮਲ ਹੁੰਦਾ ਹੈ । ਹਰ ਦਿਨ ਖੁੱਲ੍ਹੀਆਂ ਸਥਿਤੀਆਂ ਨੂੰ ਸਮਾਪਨ ਮੁੱਲ ਦੇ ਅਧਾਰ ਤੇ ਬਜ਼ਾਰ ਲਈ ਚਿੰਨ੍ਹਿਤ ਕੀਤਾ ਜਾਂਦਾ ਹੈ । ਜੇ ਸਮਾਪਨ ਮੁੱਲ ਤੁਹਾਡੇ ਖਿਲਾਫ ਜਾਂਦਾ ਹੈ ਤਾਂ ਤੁਹਾਡੇ ਲਈ ਇਸ ਤਰ੍ਹਾਂ ਦੇ ਵਾਧੇ ਘਾਟੇ ਦੇ ਸਿੱਟੇ ਵਜੋਂ ਹੋਣ ਵਾਲੇ ਨੁਕਸਾਨ ਦੀ (ਅਨੁਮਾਨਿਤ) ਰਕਮ ਜਮਾਂ ਕਰਨਾ ਜ਼ਰੂਰੀ ਹੋਵੇਗਾ । ਇਸ ਮਾਰਜਨ ਦਾ ਭੁਗਤਾਨ ਨਿਰਧਾਰਿਤ ਸਮੇਂ ਸੀਮਾ ਦੇ ਅੰਦਰ ਕਰਨਾ ਹੋਵੇਗਾ, ਆਮ ਤੌਰ ਤੇ ਅਗਲੇ ਦਿਨ ਟ੍ਰੇਡਿੰਗ ਸ਼ੁਰੂ ਹੋਣ ਤੋਂ ਬਿਲਕੁਲ ਪਹਿਲਾਂ ।

c. ਜੇ ਤੁਸੀਂ ਸਮੇਂ ਸੀਮਾ ਦੇ ਅੰਦਰ ਵਾਧੂ ਮਾਰਜਨ ਜਮਾਂ ਕਰਨ ਵਿੱਚ ਵਿਫਲ ਹੁੰਦੇ ਹੋ ਜਾਂ ਜੇ ਤੁਹਾਡੇ ਖਾਤੇ ਵਿੱਚ ਬਕਾਇਆ ਰਿਣ ਹੁੰਦਾ ਹੈ ਤਾਂ ਐਕਸਚੇਂਜ ਦਾ ਸਦੱਸ ਪੂਰੀ ਸਥਿਤੀ ਜਾਂ ਉਸ ਦੇ ਇੱਕ ਹਿੱਸੇ ਨੂੰ ਸਮਾਪਤ ਕਰ ਸਕਦੇ ਹਨ । ਇਸ ਮਾਮਲੇ ਵਿੱਚ, ਤੁਸੀਂ ਇਸ ਤਰ੍ਹਾਂ ਦੇ ਨਿਪਟਾਨ/ਸਮਾਪਤੀ ਦੇ ਸਿੱਟੇ ਵਜੋਂ ਹੋਣ ਵਾਲੇ ਕਿਸੇ ਵੀ ਨੁਕਸਾਨ ਲਈ ਜ਼ੁੰਮੇਵਾਰ ਹੋਵੋਗੇ।

d. ਨਿਸ਼ਚਤ ਬਜ਼ਾਰ ਹਲਾਤਾਂ ਦੇ ਅਧੀਨ, ਨਿਵੇਸ਼ਕ ਲਈ ਅਜਿਹੇ ਲੈਣ-ਦੇਣ ਦੀ ਪਾਲਣਾ ਕਰਨਾ ਮੁਸ਼ਕਲ ਜਾਂ ਅਸੰਭਵ ਹੋ ਸਕਦਾ ਹੈ। ਉਦਾਹਰਣ ਲਈ, ਇਹ ਸਥਿਤੀ ਗੈਰ-ਤਰਲਤਾ ਵਾਂਗ ਦੇ ਕਾਰਕਾਂ ਦੇ ਕਾਰਨ ਹੋ ਸਕਦੀ ਹੈ ਭਾਵ ਜਦੋਂ ਉੱਥੇ ਨਾਕਾਫੀ ਬੋਲੀਆਂ ਜਾਂ ਪ੍ਰਸਤਾਵ ਹੁੰਦੇ ਹਨ ਜਾਂ ਕੀਮਤ ਸੀਮਾ ਜਾਂ ਸਰਕਿਟ ਬ੍ਰੇਕਰ ਆਦਿ ਦੇ ਕਾਰਨ ਟ੍ਰੇਡਿੰਗ ਦਾ ਸਥਗਨ ਕੀਤਾ ਗਿਆ ਹੋ ਸਕਦਾ ਹੈ।

e. ਬਜ਼ਾਰ ਵਿੱਚ ਸਥਿਰਤਾ ਬਣਾਏ ਰੱਖਣ ਲਈ ਮਾਰਜਨ ਦਰ ਵਿੱਚ ਤਬਦੀਲੀ, ਨਕਦੀ ਮਾਰਜਨ ਦਰ ਵਿੱਚ ਵਾਧਾ ਆਦਿ ਕਦਮ ਚੁੱਕੇ ਜਾ ਸਕਦੇ ਹਨ । ਇਹ ਨਵੇਂ ਮਾਨਦੰਡ ਮੌਜੂਦਾ ਅਸਥਿਰ ਬਜ਼ਾਰੀ-ਰਕਮ ਤੇ ਲਾਗੂ ਕੀਤੇ ਜਾ ਸਕਦੇ ਹਨ । ਅਜਿਹੀਆਂ ਸਥਿਤੀਆਂ ਵਿੱਚ, ਤੁਹਾਨੂੰ ਵਾਧੂ ਮਾਰਜਨ ਪਾਉਣ ਜਾਂ ਆਪਣੀਆਂ ਸਥਿਤੀਆਂ ਨੂੰ ਘੱਟ ਕਰਨ ਦੀ ਲੋੜ ਹੋਵੇਗੀ।

f. ਤੁਹਾਨੂੰ ਆਪਣੇ ਐਕਸਚੇਂਜ ਦੇ ਸਦੱਸ ਤੋਂ ਉਨ੍ਹਾਂ ਕਮੋਡਿਟੀ ਡੇਰਿਵੇਟਿਵਸ ਕਾਂਟ੍ਰੈਕਟਸ ਦੀ ਪੂਰੀ ਜਾਣਕਾਰੀ ਭਾਵ ਕਾਂਟ੍ਰੈਕਟ ਦੇ ਨਿਰਦੇਸ਼ਾਂ ਅਤੇ ਉਸ ਨਾਲ ਜੁੜੀਆਂ ਜ਼ੁੰਮੇਵਾਰੀਆਂ ਬਾਰੇ ਪੂਰੀ ਜਾਣਕਾਰੀ ਉਪਲਬਧ ਕਰਾਉਣ ਦੀ ਮੰਗ ਕਰਨੀ ਚਾਹੀਦੀ ਹੈ ਜਿਨ੍ਹਾਂ ਤੇ ਤੁਸੀਂ ਟ੍ਰੇਡ ਕਰਨ ਦੀ ਯੋਜਨਾ ਬਣਾਈ ਹੈ।

3. ਵਾਯਰਲੈਸ ਤਕਨੀਕ ਜਾਂ ਕਿਸੇ ਹੋਰ ਤਕਨੀਕ ਦੇ ਜ਼ਰੀਏ ਟ੍ਰੇਡਿੰਗ:

ਵਾਯਰਲੈਸ ਤਕਨੀਕ ਜਾਂ ਕਿਸੇ ਵੀ ਹੋਰ ਤਕਨੀਕ ਦੇ ਜ਼ਰੀਏ ਕਮੋਡਿਟੀ ਦੀ ਟ੍ਰੇਡਿੰਗ ਨਾਲ ਜੁੜੀਆਂ ਸੁਵਿਧਾਵਾਂ, ਜੋਖਮਾਂ, ਜ਼ੁੰਮੇਵਾਰੀਆਂ, ਫਰਜ਼ਾਂ ਅਤੇ ਦੇਣਦਾਰੀਆਂ ਨੂੰ ਪਰਿਭਾਸ਼ਿਤ ਕਰਨ ਲਈ ਕਿਸੇ ਵੀ ਵਾਧੂ ਪ੍ਰਾਵਧਾਨ ਨੂੰ ਸਦੱਸ ਦੁਆਰਾ ਗਾਹਕ ਦੇ ਧਿਆਨ ਵਿੱਚ ਲਿਆਇਆ ਜਾਣਾ ਚਾਹੀਦਾ ਹੈ।

4. ਸਧਾਰਨ:

i. **ਜਮਾਂ ਨਕਦੀ ਅਤੇ ਸੰਪੱਤੀ**
ਖਾਸ ਤੌਰ ਤੇ ਕਿਸੇ ਫਰਮ ਦੇ ਦੀਵਾਲੀਆ ਹੋ ਜਾਣ ਦੀ ਸਥਿਤੀ ਵਿੱਚ ਤੁਹਾਨੂੰ ਖੁਦ ਨੂੰ ਉਸ ਰਕਮ ਜਾਂ ਹੋਰ ਸੰਪੱਤੀਆਂ ਨਾਲ ਸਬੰਧਤ ਸੁਰੱਖਿਆਵਾਂ ਨਾਲ ਜਾਣੂ ਕਰਨਾ ਚਾਹੀਦਾ ਹੈ ਜੋ ਤੁਸੀਂ ਜਮਾਂ ਕੀਤੀਆਂ ਹੋਣ । ਤੁਸੀਂ ਜਿਸ ਸੀਮਾ ਤਕ ਆਪਣੀ ਰਕਮ ਜਾਂ ਸੰਪੱਤੀ ਦੀ ਵਸੂਲੀ ਕਰ ਸਕਦੇ ਹੋ ਉਸ ਤੇ ਖਾਸ ਕਨੂੰਨ ਜਾਂ ਸਥਾਨਕ ਨਿਯਮ ਲਾਗੂ ਹੋਣਗੇ । ਕੁਝ ਨਿਆਂ-ਖੇਤਰਾਂ ਵਿੱਚ ਸੰਪੱਤੀ, ਜਿਸ ਨੂੰ ਖਾਸ ਤੌਰ ਤੇ ਤੁਹਾਡੀ ਆਪਣੀ ਦੇ ਰੂਪ ਵਿੱਚ ਪਛਾਣਿਆ ਜਾ ਸਕਦਾ ਹੈ, ਕਿਸੇ ਕਮੀ ਦੀ ਸਥਿਤੀ ਵਿੱਚ ਵਿਤਰਣ ਦੇ ਪ੍ਰਯੋਜਨ ਨਾਲ ਨਕਦੀ ਦੇ ਸਮਾਨ ਪ੍ਰੋ-ਰੇਟਿਡ ਦਰ ਨਾਲ ਤੈਅ ਕੀਤੀ ਜਾਵੇਗੀ । ਐਕਸਚੇਂਜ ਦੇ ਸਦੱਸ ਨਾਲ ਕਿਸੇ ਵਿਵਾਦ ਦੀ ਸਥਿਤੀ ਵਿੱਚ ਉਹ ਐਕਸਚੇਂਜ ਦੇ ਨਿਯਮਾਂ, ਉਪ-ਨਿਯਮਾਂ ਅਤੇ ਕਾਰੋਬਾਰੀ ਨਿਯਮਾਂ ਦੇ ਮੁਤਾਬਕ ਸਾਲਸੀ ਦੇ ਅਧੀਨ ਹੋਣਗੇ।

ii. **ਕਮਿਸ਼ਨ ਅਤੇ ਹੋਰ ਸ਼ੁਲਕ:**
ਤੁਹਾਡੇ ਦੁਆਰਾ ਟ੍ਰੇਡ ਸ਼ੁਰੂ ਕਰਨ ਤੋਂ ਪਹਿਲਾਂ, ਤੁਹਾਨੂੰ ਸਾਰੀਆਂ ਕਮਿਸ਼ਨਾਂ, ਫੀਸਾਂ ਅਤੇ ਹੋਰ ਸ਼ੁਲਕਾਂ ਦੇ ਬਾਰੇ ਸਪਸ਼ਟ ਵਿਵਰਣ ਪ੍ਰਾਪਤ ਕਰਨਾ ਚਾਹੀਦਾ ਹੈ ਜਿਨ੍ਹਾਂ ਦੇ ਤੁਹਾਨੂੰ ਭੁਗਤਾਨ ਕਰਨੇ ਹੋਣਗੇ । ਇਹ ਸ਼ੁਲਕ ਤੁਹਾਡੇ ਮੂਲ ਫਾਇਦੇ (ਜੇ ਕੋਈ ਹੋਵੇ) ਨੂੰ ਪ੍ਰਭਾਵਿਤ ਕਰ ਸਕਦੇ ਹਨ ਜਾਂ ਤੁਹਾਡੀ ਹਾਨੀ ਨੂੰ ਵਧਾ ਸਕਦੇ ਹਨ ।

iii. ਸਦੱਸਾਂ/ਅਧਿਕਾਰਤ ਵਿਅਕਤੀਆਂ/ਕਲਾਇੰਟਸ ਦੇ ਅਧਿਕਾਰਾਂ ਅਤੇ ਜ਼ੁੰਮੇਵਾਰੀਆਂ ਲਈ, ਕਿਰਪਾ ਕਰਕੇ *ਅਨੁਲੱਗ 3* ਨੂੰ ਦੇਖੋ।

iv. ਸ਼ਬਦ 'ਘਟਕ' ਦਾ ਭਾਵ ਹੈ ਅਤੇ ਇਸ ਵਿਚ ਸ਼ਾਮਲ ਹੈ: ਇੱਕ ਕਲਾਇੰਟ, ਇੱਕ ਗਾਹਕ ਜਾਂ ਇੱਕ ਨਿਵੇਸ਼ਕ ਜੋ ਐਕਸਚੇਂਜ ਦੁਆਰਾ ਪ੍ਰਦਾਨ ਕੀਤੇ ਗਏ ਮੈਕੇਨਿਜ਼ਮ ਦੇ ਜ਼ਰੀਏ ਕਮੋਡਿਟੀ ਡੇਰਿਵੇਟਿਵਸ ਕਾਂਟ੍ਰੈਕਟ ਵਿੱਚ ਡੀਲ ਕਰਨ ਲਈ ਇੱਕ ਸਦੱਸ ਦੇ ਨਾਲ ਸੌਦਾ ਕਰਦੇ ਹਨ।

v. ਸ਼ਬਦ 'ਸਦੱਸ' ਦਾ ਭਾਵ ਹੈ ਅਤੇ ਇਸ ਵਿੱਚ ਸ਼ਾਮਲ ਹੈ: ਇੱਕ ਟ੍ਰੇਡਿੰਗ ਸਦੱਸ, ਜਾਂ ਸਦੱਸ/ਬ੍ਰੋਕਰ ਜਿਸ ਨੂੰ ਐਕਸਚੇਂਜਾਂ ਦੁਆਰਾ ਆਪਣੇ ਸਥਾਨ ਤੇ ਸਵੀਕਾਰ ਕੀਤਾ ਗਿਆ ਹੈ ਅਤੇ ਜਿਨ੍ਹਾਂ ਨੇ SEBI ਤੋਂ ਇੱਕ ਰਜਿਸਟ੍ਰੇਸ਼ਨ ਸਰਟੀਫਿਕੇਟ ਪ੍ਰਾਪਤ ਕੀਤਾ ਹੈ।